# ਆਪਣੇ ਬੱਚੇ ਦੀ ਰਜਿਸਟਰੇਸ਼ਨ ਕਰਵਾਉਣਾ ਨਾ ਭੁੱਲੋ!



ਇਹ ਆਨਲਾਈਨ ਹੁੰਦੀ ਹੈ ਅਤੇ ਇਹ ਮੁਫਤ ਹੈ!





ਆਪਣੇ ਬੱਚੇ ਦੀ ਰਜਿਸਟ੍ਰੇਸ਼ਨ ਇੱਥੇ ਕਰੋ

**www.cbs.sa.gov.au/births-deaths-marriages**




## ਇਹ ਬਹੁਤ ਜ਼ਰੂਰੀ ਹੈ!
## ਤੁਹਾਡੇ ਲਈ ਹਸਪਤਾਲ ਇਹ ਕੰਮ ਨਹੀਂ ਕਰਦਾ ਹੈ

ਤੁਹਾਨੂੰ ਆਪਣੇ ਬੱਚੇ ਦੇ ਜਨਮ ਤੋਂ ਬਾਅਦ 60 ਦਿਨਾਂ ਦੇ ਅੰਦਰ ਉਸਨੂੰ ਰਜਿਸਟਰ ਕਰਵਾਉਣਾ ਹੋਵੇਗਾ। ਜੇਕਰ ਤੁਸੀਂ ਆਪਣੇ ਬੱਚੇ ਨੂੰ ਰਜਿਸਟਰ ਨਹੀਂ ਕਰਵਾਉਂਦੇ ਹੋ, ਤਾਂ ਤੁਸੀਂ ਵਿਸ਼ੇਸ਼ ਸੈਂਟਰਲਿੰਕ (Centrelink) ਲਾਭਾਂ ਲਈ ਬੇਨਤੀ ਕਰਨ ਵਿੱਚ ਅਯੋਗ ਹੋਵੋਗੇ। ਇਸ ਤੋਂ ਇਲਾਵਾ, ਜੇਕਰ ਤੁਹਾਡੇ ਬੱਚੇ ਦੇ ਜਨਮ ਨੂੰ ਰਜਿਸਟਰ ਨਹੀਂ ਕਰਵਾਇਆ ਜਾਂਦਾ ਹੈ, ਤਾਂ ਤੁਸੀਂ ਉਸਦਾ ਜਨਮ ਸਰਟੀਫਿਕੇਟ ਪ੍ਰਾਪਤ ਨਹੀਂ ਕਰ ਸਕੋਗੇ।




Government of South Australia
Attorney-General's Department

# ਤੁਸੀਂ ਆਪਣੇ ਬੱਚੇ ਨੂੰ ਇੰਝ ਆਨਲਾਈਨ ਰਜਿਸਟਰ ਕਰ ਸਕਦੇ ਹੋ

1. **ਇਹ ਯਕੀਨੀ ਬਣਾਓ ਕਿ ਮਾਤਾ-ਪਿਤਾ ਦੋਹਾਂ ਕੋਲ ਮੋਬਾਈਲ ਫੋਨ ਮੌਜੂਦ ਹੋਣ ਜਿਹਨਾਂ 'ਤੇ ਐਸ.ਐਮ.ਐਸ. ਸੁਨੇਹੇ ਪ੍ਰਾਪਤ ਕੀਤੇ ਜਾ ਸਕਣ।**

   ਜੇਕਰ ਮਾਤਾ-ਪਿਤਾ ਦੋਹਾਂ ਕੋਲ ਮੋਬਾਈਲ ਫੋਨ ਨਹੀਂ ਹਨ, ਤਾਂ ਵੀ ਤੁਸੀਂ ਆਪਣੇ ਬੱਚੇ ਨੂੰ ਆਨਲਾਈਨ ਰਜਿਸਟਰ ਕਰ ਸਕਦੇ ਹੋ। ਰਜਿਸਟਰੇਸ਼ਨ ਪ੍ਰਕਿਰਿਆ ਦੇ ਅੰਤ 'ਤੇ ਤੁਹਾਨੂੰ ਈਮੇਲ ਰਾਹੀਂ ਇੱਕ ਪੀਡੀਐਫ (PDF) ਭੇਜੀ ਜਾਵੇਗੀ ਜਿਸਨੂੰ ਪ੍ਰਿੰਟ ਕਰਵਾ ਕੇ ਮਾਤਾ-ਪਿਤਾ ਦੋਹਾਂ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ।

2. **ਮਾਤਾ-ਪਿਤਾ ਦੋਹਾਂ ਲਈ ਆਈਡੀ ਦਸਤਾਵੇਜ਼ ਤਿਆਰ ਕਰੋ**

   ਆਨਲਾਈਨ ਜਾਣ ਤੋਂ ਪਹਿਲਾਂ, ਤੁਹਾਡੇ ਕੋਲ ਆਸਟਰੇਲੀਆ ਦਾ ਪਾਸਪੋਰਟ, ਆਸਟਰੇਲੀਆ ਦਾ ਡਰਾਈਵਰ ਲਾਈਸੈਂਸ, ਮਾਤਾ-ਪਿਤਾ ਦੋਹਾਂ ਲਈ Centrelink ਅਤੇ Medicare ਕਾਰਡ ਸਕੈਨ ਕੀਤੇ ਜਾਂ ਉਹਨਾਂ ਦੀਆਂ ਤਸਵੀਰਾਂ ਮੌਜੂਦ ਹੋਣੀਆਂ ਚਾਹੀਦੀਆਂ ਹਨ।

   ਜੇਕਰ ਤੁਹਾਡੇ ਕੋਲ ਲੋੜੀਂਦੇ ਆਈਡੀ ਦਸਤਾਵੇਜ਼ ਮੌਜੂਦ ਨਾ ਹੋਣ, ਤਾਂ ਵੀ ਤੁਸੀਂ ਆਪਣੇ ਬੱਚੇ ਨੂੰ ਆਨਲਾਈਨ ਰਜਿਸਟਰ ਕਰ ਸਕਦੇ ਹੋ। ਤੁਹਾਨੂੰ ਈਮੇਲ ਰਾਹੀਂ ਇੱਕ ਪੀਡੀਐਫ (PDF) ਭੇਜੀ ਜਾਵੇਗੀ ਜਿਸਨੂੰ ਪ੍ਰਿੰਟ ਕਰਵਾ ਕੇ ਮਾਤਾ-ਪਿਤਾ ਦੋਹਾਂ ਦੁਆਰਾ ਦਸਤਖਤ ਕੀਤੇ ਜਾਣੇ ਚਾਹੀਦੇ ਹਨ।

3. **ਇਹ ਯਕੀਨੀ ਬਣਾਓ ਕਿ ਤੁਸੀਂ ਬੱਚੇ ਦੇ ਨਾਮ 'ਤੇ ਸਹਿਮਤੀ ਦਿੱਤੀ ਹੈ**

   ਬੱਚੇ ਦੇ ਨਾਮ 'ਤੇ ਤੁਹਾਡੇ ਦੁਆਰਾ ਸਹਿਮਤੀ ਦੇਣਾ ਜ਼ਰੂਰੀ ਹੈ। ਜੇਕਰ ਆਪਣੇ ਬੱਚੇ ਨੂੰ ਰਜਿਸਟਰ ਕਰਨ ਤੋਂ ਬਾਅਦ ਤੁਸੀਂ ਆਪਣਾ ਮਨ ਬਦਲਦੇ ਹੋ, ਤਾਂ ਇਸ ਨਾਲ ਦੇਰੀ ਹੋ ਸਕਦੀ ਹੈ।

4. **ਬੱਚੇ ਦੇ ਨਾਮ 'ਤੇ ਤੁਹਾਡੇ ਦੁਆਰਾ ਸਹਿਮਤੀ ਦੇਣਾ ਜ਼ਰੂਰੀ ਹੈ। ਜੇਕਰ ਆਪਣੇ ਬੱਚੇ ਨੂੰ ਰਜਿਸਟਰ ਕਰਨ ਤੋਂ ਬਾਅਦ ਤੁਸੀਂ ਆਪਣਾ ਮਨ ਬਦਲਦੇ ਹੋ, ਤਾਂ ਇਸ ਨਾਲ ਦੇਰੀ ਹੋ ਸਕਦੀ ਹੈ।**

   ਤੁਸੀਂ ਹਸਪਤਾਲ ਦੁਆਰਾ ਦਿੱਤੀ ਨੀਲੀ ਕਿਤਾਬ ਵਿੱਚ ਕੁੱਝ ਜਾਣਕਾਰੀ – ਜਿਵੇਂ ਕਿ ਬੱਚੇ ਦਾ ਜਨਮ ਵੇਲੇ ਵਜ਼ਨ, ਡਾਕਟਰ/ਦਾਈ ਬਾਰੇ ਜਾਣਕਾਰੀ ਦੇਖ ਸਕਦੇ ਹੋ।

5. **ਜਨਮ ਰਜਿਸਟਰ ਕਰਨ ਲਈ www.cbs.sa.gov.au/births-deaths-marriages 'ਤੇ ਜਾਓ**

   ਤੁਹਾਨੂੰ ਇੱਕੋ ਵਾਰ ਵਿੱਚ ਆਨਲਾਈਨ ਫਾਰਮ ਨੂੰ ਪੂਰਾ ਕਰਨ ਦੀ ਲੋੜ ਨਹੀਂ ਹੈ। ਆਨਲਾਈਨ ਫਾਰਮ ਸ਼ੁਰੂ ਕਰਨ 'ਤੇ ਤੁਹਾਨੂੰ ਇੱਕ ਹਵਾਲਾ ਨੰਬਰ ਦਿੱਤਾ ਜਾਵੇਗਾ। ਤੁਸੀਂ 48 ਘੰਟਿਆਂ ਤੱਕ ਇਸ ਹਵਾਲਾ ਨੰਬਰ ਦੀ ਵਰਤੋਂ ਉੱਥੋਂ ਜਾਰੀ ਰੱਖਣ ਲਈ ਕਰ ਸਕਦੇ ਹੋ ਜਿੱਥੇ ਤੁਸੀਂ ਇਸਨੂੰ ਛੱਡਿਆ ਸੀ।

   ਜੇਕਰ ਤੁਹਾਡੇ ਕੋਲ ਇੰਟਰਨੈੱਟ ਨਹੀਂ ਚੱਲਦਾ ਹੈ, ਤਾਂ 131 882 'ਤੇ ਕਾਲ ਕਰੋ ਅਤੇ ਅਸੀਂ ਤੁਹਾਨੂੰ ਇੱਕ ਕਾਗਜ਼ੀ ਫਾਰਮ ਮੁਹੱਈਆ ਕਰਵਾ ਦੇਵਾਂਗੇ।

6. **ਜਨਮ ਸਰਟੀਫਿਕੇਟ ਦੀ ਮੰਗ ਕਰੋ**

   ਤੁਸੀਂ ਆਪਣੇ ਬੱਚੇ ਨੂੰ ਆਨਲਾਈਨ ਰਜਿਸਟਰ ਕਰਦੇ ਸਮੇਂ ਹੀ ਜਨਮ ਸਰਟੀਫਿਕੇਟ ਦੀ ਮੰਗ ਕਰ ਸਕਦੇ ਹੋ। ਤੁਹਾਨੂੰ ਜਨਮ ਸਰਟੀਫਿਕੇਟ ਦੀ ਮੰਗ ਕਰਨ ਦੀ ਲੋੜ ਨਹੀਂ ਹੈ ਅਤੇ ਜੇਕਰ ਤੁਸੀਂ ਚਾਹੋ ਤਾਂ ਬਾਅਦ ਵਿੱਚ ਇਸਦੀ ਮੰਗ ਕਰ ਸਕਦੇ ਹੋ। ਜਨਮ ਸਰਟੀਫਿਕੇਟ ਦੀ ਮੰਗ ਕਰਨ ਲਈ ਤੁਹਾਨੂੰ ਵੀਜ਼ਾ ਜਾਂ ਮਾਸਟਰਕਾਰਡ ਦੀ ਲੋੜ ਹੋਵੇਗੀ।

7. **ਐਸਐਮਐਸ ਸੁਨੇਹੇ ਦਾ ਜਵਾਬ ਦਿਓ**

   ਮਾਤਾ-ਪਿਤਾ ਦੋਹਾਂ ਨੂੰ ਐਸਐਮਐਸ ਸੁਨੇਹਾ ਭੇਜਿਆ ਜਾਵੇਗਾ। ਮਾਤਾ-ਪਿਤਾ ਦੋਹਾਂ ਨੂੰ ਬੱਚੇ ਨੂੰ ਰਜਿਸਟਰ ਕਰਵਾਉਣ ਤੋਂ ਪਹਿਲਾਂ ਇਹ ਪੁਸ਼ਟੀ ਕਰਨ ਲਈ ਇਸ ਐਸਐਮਐਸ ਸੁਨੇਹੇ ਦਾ ਜਵਾਬ ਦੇਣਾ ਹੋਵੇਗਾ ਕਿ ਉਹ ਇਸ ਬੱਚੇ ਦੇ ਮਾਤਾ-ਪਿਤਾ ਹਨ ਅਤੇ ਤੁਸੀਂ ਜਨਮ ਸਰਟੀਫਿਕੇਟ ਪ੍ਰਾਪਤ ਕਰ ਸਕਦੇ ਹੋ।

Government of South Australia
Attorney-General's Department